ੴ

ਸਤਿਕਾਰਯੋਗ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫ਼ਤਿਹ॥

ਸੱਭ ਤੋਂ ਪਹਿਲਾਂ ਮੈਂ ਸਮੁੱਚੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਉਸ ਅਕਾਲ-ਪੁਰਖ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ। ਖਾਲਸਾ ਜੀ , ਪਿਛਲੇ ਦਿਨਾਂ ਤੋਂ ਦੇਸ਼ ਅਤੇ ਵਿਦੇਸ਼ ਵਿੱਚ ਵੱਸਦੇ ਖਾਲਸਾ ਪੰਥ ਵੱਲੋਂ ਕੇਸਰੀ ਪੱਗਾਂ ਬੰਨ ਕੇ, ਕੇਸਰੀ ਨਿਸ਼ਾਨ ਹੱਥ ਵਿੱਚ ਫੜ ਕੇ ਮੇਰੇ ਵੱਲੋਂ ਆਪਣੇ ਸ਼ਹੀਦ ਹੋਏ ਵੀਰਾਂ ਦੀ ਸੋਚ ਨੂੰ ਸਮਰਪਿਤ ਹੋ ਕੇ ਕੀਤੇ ਜਾ ਰਹੇ ਸੰਘਰਸ਼ ਨੂੰ ਜੋ ਸਮਰਥਨ ਅਤੇ ਸਹਿਯੋਗ ਦਿੱਤਾ ਜਾ ਰਿਹਾ ਹੈ ਉਸ ਨੂੰ ਤਾਰਪੀਡੋ ਕਰਨ ਲਈ ਭਾਰਤੀ ਏਜੰਸੀਆਂ ਅਤੇ ਉਨਾਂ ਦੇ ਪਾਲੇ ਹੋਏ ਪੰਥਕ ਮਖੌਟੇ ਵਿੱਚ ਵਿਚਰਦੇ ਕੈਟਾਂ ਵੱਲੋਂ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਮੇਰੇ ਸ਼ਹੀਦ ਹੋਏ ਵੀਰਾਂ ਦੀਆਂ ਲਾਸ਼ਾਂ ਦਾ ਮੁੱਲ ਵੱਟ ਕੇ ਕਰੋੜਾਂ ਰੁ: ਖਾ ਕੇ ਢਿੱਡ ਤੇ ਹੱਥ ਫੇਰਨ ਵਾਲੇ ਇਹ ਖਾਲਸਾ ਪੰਥ ਵੱਲੋਂ ਮੈਨੂੰ ਦਿੱਤੇ ਜਾ ਰਹੇ ਸਹਿਯੋਗ ਨੂੰ ਰੋਕਣ ਲਈ ਮੇਰੇ ਸਵਾਲਾਂ ਦੇ ਜੁਆਬ ਦੇਣ ਦੀ ਬਜਾਏ ਇਲਜ਼ਾਮਾਂ ਤੇ ਉੱਤਰ ਆਏ ਹਨ। ਹਾਰੇ ਅਤੇ ਈਨ ਮੰਨਣ ਵਾਲੇ ਇਹ ਲੋਕ ਕੇਸਰੀ ਕਾਫਲੇ ਨੂੰ ਗੁੰਮਰਾਹ ਕਰਨ ਲਈ ਅਣਖ ਅਤੇ ਗੈਰਤ ਦੇ ਸੰਦੇਸ਼ ਦੇਣ ਲੱਗ ਪਏ ਹਨ। ਮੈਂ ਇਨ੍ਹਾਂ ਦੇ ਹਰ ਇਲਜ਼ਾਮ ਦਾ, ਇੰਨਾਂ ਦੇ ਹਰ ਸਵਾਲ ਦਾ ਜੁਆਬ ਖਾਲਸਾ ਪੰਥ ਦੀ ਕਚਹਿਰੀ ਵਿੱਚ ਦੇਵਾਂਗਾ।ਇੰਨਾਂ ਦੇ ਸੰਘਰਸ਼ ਦਾ ਅਤੇ ਇੰਨਾਂ ਦਾ ਅਸਲ ਸੱਚ ਖਾਲਸਾ ਪੰਥ ਸਾਹਮਣੇ ਪੇਸ਼ ਕਰਾਂਗਾ।

ਖਾਲਸਾ ਜੀ, ਰੇਸ਼ਮ ਕੈਟ ਵੱਲੋਂ ਦਿੱਤੇ ਗਏ ਸਪੱਸਟੀਕਰਣ ਤੇ ਮੈਂ ਇਹੀ ਕਹਾਂਗਾ ਕਿ ਜੋ ਤੂੰ ਕਿਹਾ ਕਿ ਬਾਬਾ ਬਿਨੋਦ ਸਿੰਘ ਤੇ ਸਾਥੀਆਂ ਵੱਲੋਂ ਵੀ ਬਾਬਾ ਬੰਦਾ ਸਿੰਘ ਬਹਾਦਰ ਤੇ ਮੁਗਲ ਸਰਕਾਰ ਨਾਲ ਰਲੇ ਹੋਣ ਦੇ ਦੋਸ਼ ਲਗਾਏ ਗਏ ਸਨ। ਪਹਿਲੀ ਗੱਲ ਬਾਬਾ ਬੰਦਾ ਸਿੰਘ ਬਹਾਦਰ ਨਾਲ ਆਪਣੀ ਤੁਲਨਾ ਕਰਨ ਦਾ ਤੁਹਾਨੂੰ ਕੀ ਨੈਤਿਕ ਹੱਕ ਹੈ? ਕਿਉਂਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਤਾਂ ਈਨ ਨਹੀਂ ਸੀ ਮੰਨੀ , ਤੁਸੀ ਹੁਕਮਰਾਨਾਂ ਦੀ ਈਨ ਮੰਨਣ ਵਾਲੇ ਲੋਕ ਹੋ । ਰੇਸ਼ਮ, ਕੀ ਬਿਨੋਦ ਸਿੰਘ ਵਾਲੀ ਗੱਲ ਤੇਰੇ ਅਤੇ ਤੇਰੇ ਸਾਥੀਆਂ ਤੇ ਜ਼ਿਆਦਾ ਨਹੀਂ ਢੁਕਦੀ, ਕਿਉਂਕਿ ਤੁਸੀਂ ਸਾਰੇ ਪਿਛਲੇ ੧੭ ਸਾਲਾਂ ਤੋਂ ਮੇਰੇ ਤੇ ਇਲਜ਼ਾਮ ਹੀ ਤਾਂ ਲਾ ਰਹੇ ਹੋ । ਤਾਂ ਹੀ ਤਾਂ ਮੈਂ ੧੩ ਮਾਰਚ ਤੋਂ ਪਹਿਲਾਂ ਤੱਕ ਬਿਲਕੁਲ ਇੱਕਲਾ ਸੀ । ਰੇਸ਼ਮ ਤੂੰ ਆਪਣੇ ਰਵੀ ਕੈਟ ਨਾਲ ਸਬੰਧਾਂ ਵਾਰੇ ਸਪੱਸ਼ਟ ਨਹੀਂ ਕੀਤਾ, ਨਾ ਹੀ ਤੂੰ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਤੋਂ ਮੁਨਕਰ ਹੋਣ ਦੇ ਕਾਰਣ ਹੀ ਦੱਸੇ ਹਨ। ਸਗੋਂ ਮੇਰੇ ਤੋਂ ਇਹ ਪੁੱਛਿਆ ਹੈ ਕਿ ਮੈਂ ਤੇਰੇ ਤੇ ੧੬ ਸਾਲ ਬਾਅਦ ਇਲਜ਼ਾਮ ਕਿਉਂ ਲਾਏ ਹਨ  ਪਰ ਮੈਂ ਤਾਂ ਸ਼ੁਰੂ ਵਿੱਚ ਹੀ ਤੇਰੀ ਸੱਚਾਈ ਦੱਸ ਦਿੱਤੀ ਸੀ ,ਇਸ ਸਬੰਧੀ ਅਖ਼ਬਾਰਾਂ ਨੂੰ ਲੈਟਰ ਵੀ ਲਿਖੀ ਸੀ , ਪਰ  ਕਿਸੇ ਨੇ ਛਾਪੀ ਨਹੀਂ ਸੀ , ਪਰ ਕੀ ਤੂੰ ਇਹ ਦੱਸੇਂਗਾ ਕਿ ਅਗਰ ਤੂੰ ਠੀਕ ਸੀ ਤਾਂ ਫਿਰ ੧੬ ਸਾਲ ਮੇਰੇ ਨਾਲ ਕੋਈ ਰਾਬਤਾ ਕਿਉਂ ਨਹੀਂ ਕੀਤਾ, ਤੁਸੀਂ ਸਾਰੇ ਮੇਰੇ ਤੋਂ ਕੰਨੀ ਕਿਉਂ ਕਤਰਾਉਂਦੇ ਰਹੇ, ਤੁਸੀਂ ਮੇਰੀ ਕੋਈ ਮੱਦਦ ਕਿਉਂ ਨਹੀਂ ਕੀਤੀ , ਤੁਸੀਂ ਮੈਨੂੰ ਇੱਕਲਾ ਕਿਉਂ ਛੱਡਿਆ । ਤੁਸੀ  ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਤੋਂ ਮੁਨਕਰ ਕਿਉਂ ਹੋਏ। ਰੇਸ਼ਮ ਜਿਹੜੀ ਤੰ ਦੂਸਰੀ ਗੱਲ ਕਹੀ ਹੈ ਕਿ ਮੈਂ ਜਿਸ ਮਹਾਨ ਹਸਤੀ (ਜਗਤਾਰ ਸਿੰਘ ਹਵਾਰਾ) ਦੇ ਕਾਰਣ ਇਸ ਮੁਕਾਮ ਤੇ ਪਹੁੰਚਿਆ ਹਾਂ ਮੈਂ ਉਸ ਤੇ ਵੀ ਤੁਹਮਤ ਲਾ ਰਿਹਾ ਹਾਂ ਦੇ ਬਾਰੇ ਮੇਰਾ ਇਹੀ ਕਹਿਣਾ ਹੈ ਕਿ ਮੈਂ ਕਿਸੇ ਤੇ ਤੋਹਮਤ ਨਹੀਂ ਲਾਈ, ਅਦਾਲਤ ਵਿੱਚ ਪੇਸ਼ ਕੀਤੇ ਜਾ ਰਹੇ ਤੁਹਾਡੇ ਵਿਚਾਰ ਦੱਸੇ ਹਨ। ਬਾਕੀ ਮੈਂ ਕੱਲ ਵੀ ਇੱਕ ਆਮ ਇਨਸਾਨ ਸੀ ਅਤੇ ਅੱਜ ਵੀ ਇੱਕ ਆਮ ਇਨਸਾਨ ਹੀ ਹਾਂ । ਮੇਰੀ ਕਿਸੇ ਮੁਕਾਮ ਤੇ ਪਹੁੰਚਣ ਦੀ ਕੋਈ ਇੱਛਾ ਨਾ ਕੱਲ ਸੀ ਅਤੇ ਨਾ ਹੀ ਅੱਜ ਹੈ। ਮੈਂ ਕੱਲ ਵੀ ਇੱਕ ਮੁਸਾਫ਼ਰ ਸੀ ਅਤੇ ਅੱਜ ਵੀ ਇਕ ਮੁਸਾਫ਼ਰ ਹੀ ਹਾਂ। ਮੈਂ ਅੱਜ ਜਿਥੇ ਵੀ ਹਾਂ ਤੇਰੀ ਇਸ ਮਹਾਨ ਹਸਤੀ ਦੇ ਕਾਰਣ ਨਹੀਂ ਹਾਂ, ਸਗੋਂ ਸੱਚ ਤਾਂ ਇਹ ਹੈ ਕਿ ਤੁਹਾਡੇ ਅਤੇ ਤੁਹਾਡੀ ਇਸ ਮਹਾਨ ਹਸਤੀ ਦੇ ਕਾਰਣ ਹੀ ਮੇਰੇ ਵੱਲੋਂ ਇੱਕਲੇ ਹੀ ਆਪਣੇ ਬਲਬੂਤੇ ਇੰਨਾਂ ਸੰਘਰਸ਼ ਕਰਣ ਦੇ ਬਾਵਜੂਦ ੧੩ ਮਾਰਚ ਮੇਰੇ ਮੌਤ ਦੀ ਸਜ਼ਾ ਦੇ ਵਰੰਟ ਜਾਰੀ ਹੋਣ ਤੱਕ ਆਮ

ਲੋਕ ਮੈਨੂੰ ਅਤੇ ਮੈਨੂੰ ਹੋਈ ਮੌਤ ਦੀ ਸਜ਼ਾ ਵਾਰੇ ਜਾਣਦੇ ਤੱਕ ਨਹੀਂ ਸੀ ਇਹ ਤੁਹਾਡੀ ਅਤੇ ਤੁਹਾਡੀ ਇਸ ਮਹਾਨ ਹਸਤੀ ਦੀ ਪ੍ਰਾਪਤੀ ਹੀ ਤਾਂ ਹੈ ਕਿ ਤੁਸੀਂ ੧੭ ਸਾਲਾਂ ਤੱਕ ਮੈਨੂੰ ਅਤੇ ਮੇਰੇ ਵਿਚਾਰਾਂ ਨੂੰ ਲਕੋਈ ਰੱਖਿਆ। ਤੁਸੀਂ ੧੭ ਸਾਲ ਮੇਰੇ ਤੇ ਹਰ ਉਹ ਇਲਜ਼ਾਮ ਲਾਏ, ਜਿਸ ਨਾਲ ਕੋਈ ਵੀ ਵਿਆਕਤੀ ਟੁੱਟ ਸਕਦਾ ਹੈ, ਹਾਰ ਮੰਨ ਸਕਦਾ ਹੈ । ਤੁਸੀ ੧੭ ਸਾਲ ਮੇਰੀ ਕੋਈ ਮੱਦਦ ਇਸ ਕਰਕੇ ਹੀ ਨਹੀਂ ਕੀਤੀ ਕਿਉਂਕਿ ਤੁਹਾਨੂੰ ਪਤਾ ਸੀ ਕਿ ਮੈਂ ਤੁਹਾਡਾ ਸੱਚ ਜਾਣਦਾ ਹਾਂ । ਰੇਸ਼ਮ ਆਪਣੀ ਇਸ ਮਹਾਨ ਹਸਤੀ ਨੂੰ ਇਹ ਜਰੂਰ ਪੁੱਛ ਲੈਣਾ ਕਿ ੩੧ ਅਗਸਤ ੧੯੯੫ ਨੂੰ ਬੇਅੰਤ ਸਿੰਘ ਦੇ ਕਤਲ ਸਮੇਂ ਉਹ ਕਿੱਥੇ ਸੀ ਫਿਰ ਹੀ ਫੈਸਲਾ ਕਰਨਾ ਕਿ ਕੌਣ ਕਿਸ ਮੁਕਾਮ ਤੇ ਕਿਸ ਕਰਕੇ ਹੈ । ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਤੋਂ ਪਿਛਲੇ ੧੭ ਸਾਲਾਂ ਤੋਂ ਤੁਹਾਡੇ ਵੱਲੋਂ ਮੁਨਕਰ ਹੋਣਾ ਅਤੇ ਉਸ ਦੀ ਕੁਰਬਾਨੀ ਤੇ ਕਰੋੜਾਂ ਰੁ: ਇੱਕਠੇ ਕਰਕੇ ਉਸ ਨੂੰ ਨੋਚ ਨੋਚ ਕੇ ਖਾਣਾ ਹੀ ਤੁਹਾਡੀ ਪ੍ਰਾਪਤੀ ਹੈ । ਪਰ ਇਹ ਉਸ ਅਕਾਲ-ਪੁਰਖ ਵਾਹਿਗੁਰੂ ਦੀ ਕ੍ਰਿਪਾ ਹੈ ਕਿ ਮੈਂ ਪਿਛਲੇ ੧੭ ਸਾਲਾਂ ਤੋਂ ਇੱਕਲਾ ਹੀ ਆਪਣੇ ਸ਼ਹੀਦ ਹੋਏ ਵੀਰਾਂ ਦੇ ਸੁਪਨਿਆਂ ਨੂੰ ਆਪਣੇ ਸੀਨੇ ਵਿੱਚ ਸਮੋਈ ਆਪਣੇ ਬਲਬੂਤੇ ਤੇ ਇੰਨ੍ਹਾਂ ਔਖੇ ਰਾਹਾਂ ਤੇ ਤੁਰਦਾ ਰਿਹਾ, ਦੁਸ਼ਮਣਾਂ ਅਤੇ ਦੋਸਤਾਂ ਨਾਲ ਲੜਦਾ ਰਿਹਾ। ਬੇਸ਼ੱਕ ਦੁਸ਼ਮਣਾਂ ਅੱਗੇ ਕਦੇ ਸਿਰ ਨਹੀਂ ਝੁਕਾਇਆ, ਉਨ੍ਹਾਂ ਦੀ ਈਨ ਨਹੀਂ ਮੰਨੀ, ਉਨ੍ਹਾਂ ਦੀ ਦਿੱਤੀ ਮੌਤ ਦੀ ਸਜ਼ਾ ਨੂੰ ਹੱਸ ਕੇ ਸਵੀਕਾਰ ਕੀਤਾ ਅਤੇ ਆਪਣੀ ਮੌਤ ਨਾਲ ਦੁਸ਼ਮਣਾਂ ਦੀ ਹਿੱਕ ਤੇ ਕੇਸਰੀ ਝੰਡਾ ਲਹਿਰਾਉਣ ਦਾ ਖਾਲਸਾ ਪੰਥ ਨਾਲ ਵਚਨ ਕੀਤਾ, ਸਮੁੱਚਾ ਖਾਲਸਾ ਪੰਥ ਬਿਨਾਂ ਕਿਸੇ ਆਗੂ ਤੋਂ 10 ਦਿਨਾਂ ਦੇ ਵਿੱਚ ਕੇਸਰੀ ਪੱਗਾਂ ਬੰਨ ਕੇ, ਕੇਸਰੀ ਝੰਡੇ ਹੱਥ ਵਿੱਚ ਫੜ ਕੇ ਮੇਰੇ ਨਾਲ ਆ ਖੜਾ ਹੋਇਆ, ਇਹ ਮੇਰੇ ਸੱਚ ਅਤੇ ਮੇਰੇ ਸੰਘਰਸ਼ ਦੀ ਪ੍ਰਾਪਤੀ ਹੈ, ਮੇਰੀ ਇਹ ਪ੍ਰਾਪਤੀ ਤੁਹਾਡੀ ਕਿਸੇ ਮਹਾਨ ਹਸਤੀ ਦੇ ਕਾਰਣ ਨਹੀਂ ਹੈ। ਭਾਈ ਦਿਲਾਵਰ ਸਿੰਘ ਜੈ ਸਿੰਘ ਵਾਲਾ ਨੂੰ ਕੌਮੀ ਸ਼ਹੀਦ ਦਾ ਦਰਜਾ ਦਿਵਾਉਣਾ ਮੇਰੀ ਪ੍ਰਾਪਤੀ ਹੈ, ਜਿਸ ਦੀ ਕੁਰਬਾਨੀ ਤੋਂ ਤੁਸੀਂ ਅਜੇ ਤੱਕ ਮੁਨਕਰ ਹੋ।

ਰੇਸ਼ਮ, ਜਿਹੜਾ ਤੂੰ ਇਹ ਕਿਹਾ ਹੈ ਕਿ ੯੨ ਤੋਂ ਲੈ ੧੯੯੪ ਤੱਕ ਮੈਂ ਆਪਣੇ ਆਪ ਕੁਝ ਕਿਉਂ ਨਹੀਂ ਕਰ ਸਕਿਆ ਦੇ ਬਾਰੇ ਮੈਂ ਇਹੀ ਕਹਾਗਾਂ ਕਿ ਇਸ ਹੋਈ ਦੇਰੀ ਲਈ ਮਾਫੀ ਚਾਹੁੰਦਾ ਹਾਂ, ਪਰ ਕੀ ਤੂੰ ਇਹ ਦੱਸਣ ਦੀ ਖੇਚਲ ਕਰੇਗਾ ਕਿ ੧੯੯੪ ਤੋਂ ਲੈ ਕੇ ੨੦੧੨ ਤੱਕ ਤੂੰ ਕੁਝ ਮੇਰੇ ਨਾਲੋਂ ਬਿਹਤਰ ਕਿਉਂ ਨਹੀਂ ਕੀਤਾ। ਤੂੰ ਸ਼ਹੀਦ ਹੋਏ ਵੀਰਾਂ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਏਂ ਪਰ ਖੁਦ ਪਿਛਲੇ ੧੭ ਸਾਲਾਂ ਤੋਂ ਗ੍ਰਿਫਤਾਰੀ ਤੋਂ ਡਰਦਾ ਸੱਤ ਸਮੁੰਦਰ ਪਾਰ ਜਰਮਨੀ ਵਿੱਚ ਲੁਕਿਆ ਬੈਠਾ ਏਂ, ਇਥੇ ਆ, ਜ਼ਰੂਰੀ ਨਹੀਂ ਕਿ ਤੇਰੀ ਗ੍ਰਿਫਤਾਰੀ ਹੀ ਹੋਵੇ , ਹੋ ਸਕਦਾ ਹੈ ਤੂੰ ਏ.ਕੇ.੪੭ ਲੈਕੇ ਜੂਝਦਾ ਹੋਇਆ ਆਪਣੇ ਸਾਥੀਆਂ ਦੀ ਤਰ੍ਹਾਂ ਸ਼ਹੀਦ ਹੋ ਜਾਵੇਂ। ਤੂੰ ਆਪਣੀ ਮਹਾਨ ਹਸਤੀ ਨੂੰ ਇਹ ਜ਼ਰੂਰ ਪੁੱਛਣਾ ਕਿ ਉਹ ਇਸ ਸਮੇਂ ਦੌਰਾਨ ਭੱਜ ਕੇ ਪਾਕਿਸਤਾਨ ਕਿਉਂ ਚਲਿਆ ਗਿਆ ਸੀ। ਤੈਨੂੰ ਮੇਰੇ ਵੱਲੋਂ ਹੋਈ ਦੇਰੀ ਤੇ ਤਾਂ ਇਤਰਾਜ਼ ਹੈ ਪਰ ਖੁਦ ਇੰਨਾਂ ਵੱਡਾ ਨਾਮ "ਬੱਬਰ ਖਾਲਸਾ ਜਰਮਨੀ ਦੇ ਮੁਖੀ ਜੱਥੇਦਾਰ ਭਾਈ ਰੇਸ਼ਮ ਸਿੰਘ ਬੱਬਰ" ਰੱਖਣ ਤੇ ਭੋਰਾ ਵੀ ਸ਼ਰਮ ਮਹਿਸੂਸ ਨਹੀਂ ਹੁੰਦੀ। ਚੰਗਾ ਹੁੰਦਾ ਜੇਕਰ ਆਪਣੀ ਮਹਾਨ ਹਸਤੀ ਦੀ ਬਜਾਏ ਤੂੰ ਆਪਣੀ ਖੁਦ ਦੀ ਫੋਟੋ ਅਖ਼ਬਾਰ ਵਿੱਚ ਦਿੰਦਾ ਕਿਉਂਕਿ ਬਿਆਨ ਤੇਰੇ ਵੱਲੋਂ ਹੈ, ਤੇਰੀ ਸਕਲ ਲੋਕ ਦੇਖ ਤਾਂ ਲੈਂਦੇ।

ਰੇਸ਼ਮ , ਜਿਥੋਂ ਤੱਕ ਤੂੰ ਗੰਗੂ ਦੇ ਸੱਚ ਬੋਲਣ ਦੀ ਮੇਰੇ ਸੱਚ ਬੋਲਣ ਨਾਲ ਤੁਲਨਾ ਕੀਤੀ ਹੈ ਤਾਂ ਮੈਂ ਇਥੇ ਇਹੀ ਕਹਾਂਗਾ ਕਿ ਗੰਗੂ ਦੇ ਸੱਚ ਬੋਲਣ ਪਿੱਛੇ ਮਾਤਾ ਗੁਜਰੀ ਕੋਲ ਜੋ ਧੰਨ ਦੌਲਤ ਸੀ ਉਸ ਪ੍ਰਤੀ ਉਸ ਦੇ ਮਨ ਵਿੱਚ ਆਇਆ ਲਾਲਚ ਅਤੇ ਮਾਤਾ ਗੁਜਰੀ ਅਤੇ ਸਾਹਿਬਜਾਦਿਆਂ ਨੂੰ ਗ੍ਰਿਫਤਾਰ ਕਰਾਉਣ ਦੇ ਬਦਲੇ ਮਿਲਣ ਵਾਲੀ ਇਨਾਮ ਦੀ ਰਾਸ਼ੀ ਦਾ ਲਾਲਚ ਸੀ ।ਪਰ ਮੇਰੇ ਵੱਲੋਂ ਅਦਾਲਤ ਵਿੱਚ ਸੱਚ ਬੋਲਣ ਦੇ ਪਿਛੇ ਭਾਵਨਾ ਤੁਹਾਡੇ ਵੱਲੋਂ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਦੇ ਕੀਤੇ ਜਾ ਰਹੇ ਅਪਮਾਨ ਨੂੰ ਰੋਕਣਾ ਸੀ ਅਤੇ ਆਪਣੇ ਸ਼ਹੀਦ ਹੋਏ ਵੀਰਾਂ ਦੇ ਸੁਪਨਿਆਂ ਨੂੰ ਦੁਸ਼ਮਣਾਂ ਦੀ ਹਿੱਕ ਤੇ ਲਿਖਣਾ ਸੀ । ਮੈਨੂੰ ਪਤਾ ਸੀ ਕਿ ਮੇਰੇ ਸੱਚ ਬੋਲਣ ਨਾਲ ਮੈਨੂੰ ਕੋਈ ਇਨਾਮ ਨਹੀਂ ਸਗੋਂ ਮੈਨੂੰ ਦੁਸ਼ਮਣਾਂ ਵੱਲੋਂ ਮੌਤ ਦੀ ਸਜ਼ਾ ਦਾ ਇਨਾਮ ਮਿਲੇਗਾ। ਜਦ ਕਿ ਤੁਹਾਡੇ ਵੱਲੋਂ ਝੂਠ ਬੋਲਣ ਪਿੱਛੇ ਵੀ ਗੰਗੂ ਦੇ ਮਨ ਵਿੱਚ ਆਏ ਲਾਲਚ ਦੀ ਤਰ੍ਹਾਂ ਲਾਲਚ ਹੀ ਹੈ । ਕਿਉਂਕਿ ਤੁਸੀਂ ਇਸ ਕੇਸ ਤੋਂ ਕਰੋੜਾਂ ਰੁ: ਇੱਕਠੇ ਕੀਤੇ ਹਨ ਅਗਰ ਜਾਨ ਹੀ ਚਲੀ ਗਈ ਤਾਂ

ਫਿਰ ਇਹ ਪੈਸੇ ਕਿਸ ਕੰਮ ਦੇ। ਤੁਹਾਡੇ ਮਨ ਵਿੱਚ ਇਨ੍ਹਾਂ ਪੈਸਿਆਂ ਨਾਲ ਐਸ਼ਪ੍ਰਸਤੀ ਕਰਨ ਦੇ ਖਿਆਲ, ਗੰਗੂ ਦੇ ਮਨ ਵਿੱਚ ਆਏ ਲਾਲਚ ਦੀ ਤਰ੍ਹਾਂ ਹੀ ਹੈ । ਰੇਸ਼ਮ, ਗੰਗੂ ਦੇ ਸੱਚ ਅਤੇ ਤੁਹਾਡੇ ਝੂਠ ਵਿਚੋਂ ਇੱਕੋਂ ਤਰ੍ਹਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੋ ਰਿਹਾ ਹੈ । ਜਦੋਂ ਕਿ ਮੇਰਾ ਸੱਚ ਬਿਨਾਂ ਕਿਸੇ ਲਾਲਚ ਦੇ, ਬਿਨਾਂ ਕਿਸੇ ਸਵਾਰਥ ਦੇ ਆਪਣੇ ਹੱਕਾਂ ਲਈ ਲੜਦਾ ਹੋਇਆ ਮੌਤ ਨੂੰ ਸਵੀਕਾਰ ਕਰਦਾ ਹੈ । ਤੁਹਾਡਾ ਸੰਘਰਸ਼ ਕੌਮ ਨੂੰ ਦਿੱਲੀ ਤਖ਼ਤ ਅੱਗੇ ਝੁਕਣ ਲਈ ਮਜ਼ਬੂਰ ਕਰ ਰਿਹਾ ਹੈ ਜਦੋਂ ਕਿ ਮੇਰਾ ਸੰਘਰਸ਼ "ਸ੍ਰੀ ਅਕਾਲ ਤਖ਼ਤ ਸਾਹਿਬ" ਅੱਗੇ ਸਿਜਦਾ ਕਰਦਾ ਹੈ ।

ਬਾਕੀ ਰੇਸ਼ਮ ਤੂੰ ਜਿਹੜਾ ਲਿਖਿਆ ਹੈ ਕਿ ਤੁਹਾਡੀ ਇਸ ਮਹਾਨ ਹਸਤੀ ਦੀ ਸੋਚ ਬਾਹਰ ਆ ਕੇ ਜੂਝਦੇ ਹੋਏ ਸੰਘਰਸ਼ ਕਰ ਰਹੇ ਕੌਮ ਦੇ ਮਹਾਨ ਜਰਨੈਲ ਦਲਜੀਤ ਸਿੰਘ ਬਿੱਟੂ ਅਤੇ ਸਿਮਰਨਜੀਤ ਸਿੰਘ ਮਾਨ ਦੀ ਸੋਚ ਵਰਗੀ ਹੈ । ਇਥੇ ਮੈਂ ਇਹ ਕਹਾਂਗਾ ਕਿ ਮੈਨੂੰ ਖੁਸ਼ੀ ਹੈ ਕਿ ਤੂੰ ਇਸ ਸੱਚ ਨੂੰ , ਆਪਣੀ ਸੋਚ ਨੂੰ ਸਵੀਕਾਰ ਕੀਤਾ ਹੈ । ਕਿਉਂਕਿ ਬਿੱਟੂ ਅਤੇ ਮਾਨ ਦੀ ਸੋਚ ਨੂੰ ਸਾਰਾ ਖਾਲਸਾ ਪੰਥ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ।ਸ਼ਹੀਦਾਂ ਦੇ ਪਰਿਵਾਰਾਂ ਦੇ ਨਾਮ ਤੇ ਕਰੋੜਾ ਰੁ: ਖਾ ਕੇ ਢਿੱਡ ਤੇ ਹੱਥ ਫੇਰਨ ਵਾਲੇ ਇਨ੍ਹਾਂ ਲੋਕਾਂ ਦਾ ਸੱਚ ਪੂਰੀ ਕੌਮ ਜਾਣਦੀ ਹੈ । ਸਿੱਖ ਸੰਘਰਸ਼ ਨੂੰ ਅਰਸ਼ ਤੋਂ ਫਰਸ਼ ਤੱਕ ਦਾ ਸਫ਼ਰ ਅਤੇ ਸੰਤ ਜਰਨੈਲ ਸਿੰਘ ਖਾਲਸਾ ਦੀ ਸ਼ਹਾਦਤ ਤੋਂ ਸ਼ੁਰੂ ਹੋਏ ਸੰਘਰਸ਼ ਨੂੰ ਦਿੱਲੀ ਦੇ ਪੈਰਾਂ ਵਿੱਚ ਰੋਲਣ ਤੱਕ ਦਾ ਸਫ਼ਰ ਹੀ ਇਨ੍ਹਾਂ ਨੇਤਾਵਾਂ ਦੀ ਮਹਾਨ ਪ੍ਰਾਪਤੀ ਹੈ ।ਮੈਨੂੰ ਪਤਾ ਹੈ ਕਿ ਤੁਹਾਡੇ ਸੰਘਰਸ਼ ਦਾ ਮਨੋਰਥ ਵੀ ਕੁਝ ਇਸ ਤਰ੍ਹਾਂ ਦਾ ਹੀ ਹੈ ਤਾਂ ਹੀ ਇਹ ਤੁਹਾਡੀ ਪ੍ਰੇਰਨਾ ਦੇ ਸਰੋਤ ਹਨ। ਤੁਹਾਡੇ ਇਹ ਪ੍ਰੇਰਨਾ ਦੇ ਸਰੋਤ ਨੇਤਾ ਸਿੱਖ ਧਰਮ ਤੇ ਹਮਲਾ ਕਰਨ ਵਾਲੀ, "ਸ੍ਰੀ ਅਕਾਲ ਤਖ਼ਤ ਸਾਹਿਬ" ਨੂੰ ਢਹਿ ਢੇਰੀ ਕਰਨ ਵਾਲੀ, ਹਜ਼ਾਰਾਂ ਹੀ ਨਿਰਦੋਸ਼ ਸਿੱਖਾਂ ਦੀ ਕਾਤਲ ਕਾਂਗਰਸ ਪਾਰਟੀ ਦੇ ਨੁਮਾਇੰਦਿਆਂ ਦੀ ਚੋਣਾਂ ਵਿੱਚ ਮੱਦਦ ਕਰਕੇ ਆਪਣੇ ਵੱਲੋਂ ਲੜੇ ਜਾ ਰਹੇ ਸੰਘਰਸ਼ ਦੇ ਸੱਚ ਦਾ ਪ੍ਰਗਟਾਵਾ ਅਕਸਰ ਕਰਦੇ ਰਹਿੰਦੇ ਹਨ। ਰਿਕਾਰਡ ਤੋੜ ਵੋਟਾਂ ਨਾਲ ਜਿੱਤਣ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਦੀ ਚੋਣ ਹਾਰ ਜਾਣ ਦਾ ਸਫ਼ਰ ਇੰਨਾਂ ਦੇ ਸੰਘਰਸ਼ ਦੇ ਸੱਚ ਨੂੰ ਬਿਆਨ ਕਰਦਾ ਹੈ । ੨੨ ਤਰੀਕ ਨੂੰ ਦਲਜੀਤ ਸਿੰਘ ਬਿੱਟੂ ਦਾ ਹਵਾਰੇ ਨੂੰ ਅਦਾਲਤ ਵਿੱਚ ਮਿਲਣ ਜਾਣਾ ਅਤੇ ਉਸ ਦੀ ਲੈਟਰ ਜਾਰੀ ਕਰਨਾ ਤੁਹਾਡੇ ਸਾਰਿਆਂ ਦੇ ਗੱਠਜੋੜ ਦੀ ਮੂੰਹ ਬੋਲਦੀ ਕਹਾਣੀ ਹੈ । ਇਹੀ ਬਿੱਟੂ ਜਦੋਂ ਸੰਘਰਸ਼ ਕਰਨ ਦਾ ਸਮਾਂ ਸੀ ਉਸ ਸਮੇਂ ਸੰਘਰਸ਼ ਦੇ ਪੈਸਿਆਂ ਨਾਲ ਜ਼ਮੀਨ ਖ੍ਰੀਦ ਕੇ ਖੇਤੀ ਕਰਨ ਲੱਗ ਪਿਆ ਅਤੇ ਫਿਰ ਸੰਵਿਧਾਨ ਦਾ ਬੀਬਾ ਪੁੱਤ ਬਣ ਪੰਥਕ ਨੇਤਾ ਬਣ ਗਿਆ। ਤੁਸੀਂ ਆਪਣੇ ਸੰਘਰਸ਼ ਅਤੇ ਸੋਚ ਦਾ ਪ੍ਰਗਟਾਵਾ ਖੁਦ ਕੀਤਾ ਹੈ ਇਸ ਦੀ ਮੈਨੂੰ ਖੁਸ਼ੀ ਹੈ। ਕੀ ਤੁਹਾਨੂੰ ਬੇਅੰਤ ਸਿੰਘ ਦੇ ਪੋਤੇ ਦੀ ਚੋਣਾਂ ਵਿੱਚ ਕੀਤੀ ਮੱਦਦ ਦਾ ਭੋਰਾ ਵੀ ਗਿਲਾ ਨਹੀਂ ਹੈ ਕੀ ਤੂੰ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੀ ਕਸਮ ਖਾ ਕੇ ਦੱਸੇਂਗਾ ਕਿ ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਤੁਸੀਂ ਕਿਸ ਪਾਰਟੀ ਦੀ ਹਮਾਇਤ ਕੀਤੀ ਹੈ । ਪਿਛਲੀ ਵਿਧਾਨ ਸਭਾ ਚੋਣਾਂ ਵਿੱਚ ਮਾਨ ਨੂੰ ਕਿੰਨੀਆਂ ਵੋਟਾਂ ਮਿਲੀਆਂ ਇਹ ਤਾਂ ਸ਼ਰਮ ਕਾਰਣ ਕਿਸੇ ਅਖ਼ਬਾਰ ਨੇ ਵੀ ਨਹੀਂ ਦੱਸਿਆ । ਇਹੀ ਤੁਹਾਡੀ ਪ੍ਰਾਪਤੀ ਹੈ। ਇਹੀ ਤੁਹਾਡਾ ਸੰਘਰਸ਼ ਹੈ।

ਰੇਸ਼ਮ, ਜਿੱਥੇ ਤੱਕ ਚੋਣਾਂ ਵਿੱਚ ਮੇਰੇ ਵੱਲੋਂ ਅਕਾਲੀ ਦਲ ਦੀ ਹਮਾਇਤ ਅਤੇ ਹੁਣ ਰੋਸ ਕਰਨ ਦਾ ਸਵਾਲ ਹੈ ਤਾਂ ਮੈਂ ਇਹੀ ਕਹਾਂਗਾ ਕਿ ਮੇਰੇ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਚੋਣਾਂ ਵਿੱਚ ਕੀਤੀ ਹਮਾਇਤ ਦੇ ਪਿੱਛੇ ਜੋ ਭਾਵਨਾ ਸੀ ਉਹ ਇਹ ਸੀ ਕਿ ਮੈਂ ਪੰਜਾਬ ਦੀ ਧਰਤੀ ਤੇ ਸਿੱਖ ਧਰਮ ਤੇ ਹਮਲਾ ਕਰਨ ਵਾਲੀ ਅਤੇ ਹਜ਼ਾਰਾਂ ਹੀ ਨਿਰਦੋਸ਼ ਸਿੱਖਾਂ ਦੀ ਕਾਤਲ ਕਾਂਗਰਸ ਪਾਰਟੀ ਨੂੰ ਹਰਾਉਣਾ ਚਾਹੁੰਦਾ ਸੀ । ਜਿਸ ਦੀ ਤੁਸੀਂ ਮੱਦਦ ਕਰ ਰਹੇ ਸੀ । ਮੇਰੇ ਵੱਲੋਂ ਨੀਲੀਆਂ ਪੱਗਾਂ ਵਾਲਿਆਂ ਨਾਲ ਰੋਸ ਕਰਨ ਪਿੱਛੇ ਵੀ ਮੇਰੀਆਂ ਭਾਵਨਾਵਾਂ ਕੌਮੀ ਸਨ, ਮੇਰੀ ਇੱਛਾ ਸੀ ਕਿ ਅਕਾਲੀ ਦਲ ਦਿੱਲੀ ਤੋਂ ਮੇਰੇ ਲਈ ਰਹਿਮ ਨਾ ਮੰਗੇ ਸਗੋਂ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਾਤਲਾਂ ਨੂੰ ਕਟਹਿਰੇ ਵਿੱਚ ਖੜਾ ਕਰੇ, ਅਕਾਲੀ ਦਲ ਵੱਲੋਂ ਕੌਮੀਂ ਭਾਵਨਾਵਾਂ ਦਾ ਪ੍ਰਗਟਾਵਾ ਨਾ ਕਰਨਾ ਹੀ ਮੇਰੇ ਰੋਸ ਦਾ ਕਾਰਣ ਸੀ । ਤੈਨੂੰ ਇੱਕ ਗੱਲ ਹੋਰ ਦੱਸ ਦੇਵਾਂ ਜਦ ਮੈਂ ਪੈਦਾ ਹੋਇਆ ਅਕਾਲੀ ਸੀ , ਹੁਣ ਵੀ ਮੈਂ ਅਕਾਲੀ ਹਾਂ ਅਤੇ ਮਰਾਂਗਾ ਤਦ ਵੀ ਅਕਾਲੀ ਹੀ ਹੋਵਾਂਗਾ । ਜੇਕਰ ਇਹ ਅਕਾਲੀ ਦਲ ਮੇਰਾ ਦੋਸਤ ਨਹੀਂ ਹੈ ਤਾਂ ਦੁਸ਼ਮਣ ਵੀ ਨਹੀਂ ਹੈ । ਪਰ ਤੂੰ ਆਪਣੇ ਕਾਂਗਰਸ ਨਾਲ ਸਬੰਧਾਂ ਵਾਰੇ ਅਤੇ ਉਨ੍ਹਾਂ ਕਾਤਲਾਂ ਦੀ ਕੀਤੀ ਹਮਾਇਤ ਵਾਰੇ

ਕੁਝ ਵੀ ਸਪੱਸ਼ਟ ਨਹੀਂ ਕੀਤਾ, ਨਾ ਹੀ ਤੁਸੀ ਇਹ ਸਪੱਸਟ ਕੀਤਾ ਹੈ ਕਿ ਜੇਕਰ ਇਹ ਕਾਤਲ ਤੁਹਾਡੇ ਦੋਸਤ ਹਨ ਤਾਂ ਫਿਰ ਤੁਸੀਂ ਅਜ਼ਾਦੀ ਕਿਸ ਤੋਂ ਮੰਗ ਰਹੇ ਹੋ । ਮੈਨੂੰ ਪਤਾ ਜਦੋਂ ਕਾਂਗਰਸ ਦੀ ਸਰਕਾਰ ਬਣ ਜਾਂਦੀ ਹੈ ਤਾਂ ਤੁਹਾਡਾ ਖਾਲਿਸਤਾਨ ਬਣ ਜਾਂਦਾ ਹੈ । ਸ਼ਹੀਦ ਪਰਿਵਾਰਾਂ ਨਾਲ ਰਿਸਤੇਦਾਰੀਆਂ ਅਤੇ ਕਾਤਲਾਂ ਨਾਲ ਯਾਰੀਆਂ ਕਿੱਥੋ ਦਾ ਸੰਘਰਸ਼ ਹੈ? ਤੁਹਾਡਾ ਹਰ ਸਾਹ, ਤੁਹਾਡਾ ਹਰ ਕੰਮ ਸ਼ਹੀਦਾਂ ਨਾਲ ਧੋਖਾ ਹੈ । ਤੁਹਾਡਾ ਬਿਆਨ ਕੋਈ ਹੋਰ ਲਿਖਦਾ ਹੈ , ਨਾਮ ਕਿਸੇ ਹੋਰ ਦਾ ਹੁੰਦਾ ਹੈ ਅਤੇ ਫੋਟੋ ਕਿਸੇ ਹੋਰ ਦੀ ਹੁੰਦੀ ਹੈ ਕੁਲ ਮਿਲਾ ਕੇ ਕਿਹਾ ਜਾਵੇ ਤਾਂ ਤੁਹਾਡਾ ਅਧਾਰ ਹੀ ਧੋਖਾ ਹੈ । ਰੀਸ ਕਰਨ ਵਾਲੇ ਲੋਕ ਮੌਕਾਪ੍ਰਸਤ ਹੁੰਦੇ ਹਨ।

ਖਾਲਸਾ ਜੀ , ਤੁਹਾਡੇ ਵੱਲੋਂ ਮੈਨੂੰ ਦਿੱਤੇ ਜਾ ਰਹੇ ਸਹਿਯੋਗ ਅਤੇ ਮੇਰੀ ਕੀਤੀ ਜਾ ਰਹੀ ਮੱਦਦ ਦੇ ਕਾਰਣ ਦੁਸ਼ਮਣੀ ਫੌਜਾਂ ਦੇ ਖੜੇ ਕੀਤੇ ਝੂਠ ਦੇ ਮਹਿਲ ਗਿਰਨ ਲੱਗ ਪਏ ਹਨ। ਸ਼ਹੀਦਾਂ ਦੀਆਂ ਲਾਸਾਂ ਤੇ ਬਣਾਈਆਂ ਝੂਠ ਅਤੇ ਧੋਖੇ ਦੀਆਂ ਦੁਕਾਨਾਂ ਦੇ ਦਰਵਾਜੇ ਬੰਦ ਹੋ ਰਹੇ ਹਨ । ਦੁਸਮਣੀ ਫੌਜਾਂ ਵਿੱਚ ਭਗਦੜ ਦਾ ਮਾਹੌਲ ਹੈ , ਸਾਰੇ ਹੀ ਝੂਠ ਅਤੇ ਧੋਖੇ ਦੇ ਵਪਾਰੀ ਇਧਰੋ ਓਧਰੋ ਇੱਕਠੇ ਹੋ ਕੇ ਮੇਰੇ ਨਿੱਹਥੇ ਅਤੇ ਇੱਕਲੇ ਨਾਲ ਯੁੱਧ ਕਰਨ ਦੀ ਤਿਆਰੀ ਕਰ ਰਹੇ ਹਨ। ਮੇਰੀ ਵੀ ਇਨਾਂ ਨਾਲ ਨਿਰਣਾਇਕ ਲੜਾਈ ਲੜਨ ਦਾ ਇਰਾਦਾ ਹੈ ਤਾਂ ਕਿ ਖਾਲਸਾ ਪੰਥ ਨੂੰ ਇਨਾਂ ਦੀ ਅਸਲੀਅਤ ਦਾ ਪਤਾ ਲੱਗ ਸਕੇ। ਮੇਰਾ ਸਾਰੇ ਹੀ ਪੰਥਕ ਮਾਖੌਟੇ ਵਿੱਚ ਵਿਚਰਦੇ ਕੈਟਾਂ ਨੂੰ ਇਹ ਚੈਲੰਜ ਹੈ ਕਿ ਉਹ ਆਪਣੇ ਵੱਲੋਂ ਕੀਤੇ ਜਾ ਰਹੇ ਸੰਘਰਸ਼ ਵਾਰੇ ਦੱਸਣ ਲਈ ਅਤੇ ਬਹਿਸ ਲਈ ਅੱਗੇ ਆਉਣ । ਇਨਾਂ ਦੁਸ਼ਮਣੀ ਫੌਜਾਂ ਨਾਲ ਏਕਤਾ ਕਰਨੀ ਸੱਪ ਨੂੰ ਦੁੱਧ ਪਿਲਾਉਣ ਦੇ ਬਰਾਬਰ ਹੈ । ਇਨ੍ਹਾਂ ਦੁਸ਼ਮਣੀ ਅਤੇ ਦਿੱਲੀ ਦਰਬਾਰੀ ਫੌਜਾਂ ਨੂੰ ਛੱਡ ਕੇ ਬਾਕੀ ਸਾਰਾ ਖਾਲਸਾ ਪੰਥ ਇੱਕ ਕੇਸਰੀ ਝੰਡੇ ਥੱਲੇ ਇੱਕਠਾ ਹੀ ਹੈ । ਸਾਰੇ ਪੰਥ ਦਾ ਏਕਾ ਹੈ ।

ਖਾਲਸਾ ਜੀ , ਇਥੇ ਪੰਥਕ ਮਾਖੌਟੇ ਵਿੱਚ ਵਿਚਰਦੀਆਂ ਅਤੇ ਵਿਦੇਸ਼ਾਂ ਦੇ ਗੁਰਦੁਰਆਰਿਆਂ ਤੇ ਕਾਬਜ਼ ਇਨ੍ਹਾਂ ਦੁਸ਼ਮਣੀ ਫੌਜਾਂ ਦਾ ਕੰਮ ਹੀ ਇਹ ਹੈ ਕਿ ਜਿਹੜਾ ਵੀ ਸਹਿਯੋਗ ਖਾਲਸਾ ਪੰਥ ਵੱਲੋਂ ਸ਼ਹੀਦ ਹੋਏ ਵੀਰਾਂ ਦੇ ਪਰਿਵਾਰਾਂ ਲਈ , ਜਾਂ ਜੂਝਦੇ ਜੇਲ੍ਹਾਂ ਵਿੱਚ ਬੰਦ ਸਿੰਘਾ ਲਈ ਦਿੱਤਾ ਜਾਂਦਾ ਹੈ ਉਸ ਨੂੰ ਸਹੀ ਹੱਥਾਂ ਤੱਕ ਪਹੁੰਚਣ ਨਾ ਦੇਣਾ ਹੈ । ਇਨਾਂ ਦੇ ਸੰਘਰਸ਼ ਦਾ ਮਨੋਰਥ ਖਾਲਸਾ ਪੰਥ ਦੀ ਅਣਖ਼ ,ਗੈਰਤ ਅਤੇ ਸਵੈਮਾਨ ਨੂੰ ਦਿੱਲੀ ਦੇ ਪੈਰਾਂ ਵਿੱਚ ਰੋਲਣਾ ਹੈ । ਜਦ ਕਿ ਮੇਰੇ ਵੱਲੋਂ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਕੀਤੇ ਗਏ ਅਤੇ ਕੀਤੇ ਜਾ ਰਹੇ ਸੰਘਰਸ਼ ਦਾ ਮਨੋਰਥ ਦਿੱਲੀ ਅੱਗੇ ਬਿਨਾਂ ਸਿਰ ਝੁਕਾਏ ਆਪਣੇ ਹੱਕ ਮੰਗਣੇ ਅਤੇ ਇਨਸਾਫ ਮੰਗਣਾ ਹੈ । ਕੌਮ ਦੀ ਚੜ੍ਹਦੀ ਕਲਾ ਹੀ ਮੇਰੇ ਜੀਵਨ ਦਾ ਮਨੋਰਥ ਹੈ। ਅਜ਼ਾਦੀ ਮੇਰੀ ਮੰਜ਼ਿਲ ਹੈ। ਖਾਲਸਾ ਜੀ , ਸ਼ਹੀਦ ਪਰਿਵਾਰਾਂ ਦੀ ਦੁਰਦਸ਼ਾ ਅਤੇ ਇਨਾਂ ਕੈਟਾਂ ਦੀ ਖੁਸ਼ਹਾਲੀ ਦਾ ਆਪਸ ਵਿੱਚ ਬਹੁਤ ਗੂੜਾ ਸਬੰਧ ਹੈ ।

ਮਿਤੀ : ੧੪-੪-੨੦੧੨

ਵੱਲੋਂ: ਬਲਵੰਤ ਸਿੰਘ ਰਾਜੋਆਣਾ

ਕੋਠੀ ਨੰ: ੧੬

ਕੇਂਦਰੀ ਜੇਲ੍ਹ ਪਟਿਆਲਾ

ਪੰਜਾਬ।